# ਭਗਤਾ ਕਾ ਬੋਲਿਆ ਪਰਵਾਣੁ ਹੈ

**ਮਃ ੫ ॥**

ਇਹ ਗੂਜਰੀ ਕੀ ਵਾਰ ਮ:੫ ਦੀ ੧੪ ਵੀਂ ਪਉੜੀ ਦੇ ਨਾਲ ਦਾ ਦੂਜਾ ਸਲੋਕ ਹੈ। ਸਲੋਕ ਅਤੇ ਇਸ ਉਪਰੰਤ ਪਉੜੀ, ਦੋਨੋਂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੇ ਉਚਾਰਣ ਕੀਤੇ ਹੋਏ ਹਨ ਅਤੇ ਪੰਨਾ ੫੨੧ ਤੇ ਸੁਭਾਇਮਾਨ ਹਨ।

**ਰਾਮੁ ਰਮਹੁ ਬਡਭਾਗੀਹੋ ਜਲਿ ਥਲਿ ਮਹੀਅਲਿ ਸੋਇ ॥**

**ਨਾਨਕ ਨਾਮਿ ਅਰਾਧਿਐ ਬਿਘਨੁ ਨ ਲਾਗੈ ਕੋਇ ॥੨॥**

-- ਹੇ ਵਡੇ ਭਾਗਾਂ ਵਾਲਿਉ ! ਰਾਮ ਨਾਮ ਉਚਰੋ, ਜੋ ਜਲ ਵਿਚ, ਥਲ ਤੇ ਅਤੇ ਅਕਾਸ਼ ਵਿਚ, ਸਭ ਥਾਈਂ ਵਿਦਮਾਨ ਹੈ।

ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਹੁਕਮ ਹੈ ਕਿ ਪ੍ਰਭੂ ਜਲ, ਥਲ ਤੇ ਅਕਾਸ਼, ਸਭ ਥਾਈਂ ਮੌਜੂਦ ਹੈ, ਉਸ ਹਾਜ਼ਰਾ ਹਜ਼ੂਰ ਦਾ ਨਾਮ ਜਪ - 'ਤੂ ਜਲਿ ਥਲਿ ਮਹੀਅਲਿ ਸਭ ਤੈ ਭਰਪੂਰਿ।। ਜਨ ਨਾਨਕ ਹਰਿ ਜਪਿ ਹਾਜਰਾ ਹਜੂਰਿ।।', ਪੰਨਾ ੧੧੩੪.

-- ਪੰਜਵੇਂ ਨਾਨਕ ਫ਼ੁਰਮਾਣ ਕਰਦੇ ਹਨ ਕਿ ਉਸ ਪ੍ਰਭੂ ਦੇ ਨਾਮ ਦੀ ਅਰਾਧਨਾ ਕਰਣ ਨਾਲ ਕਿਸੇ ਕਾਰਜ ਵਿਚ ਵਿਘਨ ਨਹੀਂ ਪੈਂਦਾ।੨।

ਸ੍ਰੀ ਗੁਰੂ ਨਾਨਕ ਸਾਹਿਬ ਦੇ ਬਚਨ ਹਨ ਕਿ ਜਦੋਂ ਤਕ ਉਹ ਮਾਲਕ ਪ੍ਰਭੂ ਮਨ ਵਿਚ ਵਸਿਆ ਰਹੇ, ਮਨੁਖ ਨੂੰ ਕੋਈ ਵਿਘਨ ਨਹੀਂ ਪੈਂਦਾ - 'ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ।।', ਪੰਨਾ ੯੯੨.

**ਪਉੜੀ ॥**

ਹਰ ਇਕ ਵਾਰ, ਸਲੋਕਾਂ ਅਤੇ ਪਉੜੀਆਂ ਦਾ ਸੁਮੇਲ ਹੁੰਦੀ ਹੈ। ਸਲੋਕਾਂ ਅਤੇ ਪਉੜੀਆਂ ਦੇ ਭਾਵ ਆਪਸ ਵਿਚ ਜੁੜੇ ਹੁੰਦੇ ਹਨ। ਇਥੇ ਉਪਰ ਦਿਤੇ ਸਲੋਕ ਵਿਚ ਸਿਮਰਨ ਬਾਰੇ ਉਪਦੇਸ਼ ਦਿਤਾ ਗਿਆ ਹੈ ਕਿ ਰਾਮ ਪ੍ਰਭੂ ਦਾ ਨਾਮ ਜਪਣਾ ਹੈ, ਜਿਸ ਨਾਲ ਕੋਈ ਵਿਘਨ ਨਹੀਂ ਲਗਦਾ। ਉਪਰੰਤ ਪਉੜੀ ਵਿਚ ਉਨ੍ਹਾਂ ਬਾਰੇ ਦਸਿਆ ਗਿਆ ਹੈ ਜਿਨ੍ਹਾਂ ਨੇ ਨਾਮ ਜਪਿਆ, ਉਨ੍ਹਾਂ ਨੂੰ ਭਗਤ ਕਿਹਾ ਹੈ।

**ਭਗਤਾ ਕਾ ਬੋਲਿਆ ਪਰਵਾਣੁ ਹੈ ਦਰਗਹ ਪਵੈ ਥਾਇ ॥**

**ਭਗਤਾ ਤੇਰੀ ਟੇਕ ਰਤੇ ਸਚਿ ਨਾਇ ॥**

-- ਭਗਤਾਂ ਦਾ ਸਭ ਕੁਝ ਬੋਲਿਆ, ਵਾਹਿਗੁਰੂ ਦੀ ਦਰਗਾਹ ਵਿਚ

ਪ੍ਰਵਾਨ ਹੁੰਦਾ ਹੈ ਅਤੇ ਉਨ੍ਹਾਂ ਦੇ ਉਹ ਬਚਨ ਦਰਗਾਹ ਵਿਚ ਸਿਰੇ ਚੜ੍ਹਾਏ ਜਾਂਦੇ ਹਨ।

ਭਗਤ, ਸਾਧ ਦੇ ਬੋਲਾਂ ਬਾਰੇ ਪੰਚਮ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਸਾਧੂ ਦੇ ਬਚਨ ਹੀ ਉਤਮ ਸਲੋਕ ਹੁੰਦੇ ਹਨ, ਇਹ ਤਾਂ ਅਮੋਲਕ ਲਾਲ, ਰਤਨ ਹੁੰਦੇ ਹਨ, ਜੋ ਜੋ ਇਨ੍ਹਾਂ ਨੂੰ ਸੁਣਦਾ ਤੇ ਇਨ੍ਹਾਂ ਅਨੁਸਾਰ ਕਮਾਈ ਕਰਦਾ ਹੈ, ਉਸ ਦਾ ਆਪਣਾ ਉਧਾਰ ਤਾਂ ਹੁੰਦਾ ਹੀ ਹੈ, ਹੋਰਨਾਂ ਦਾ ਵੀ ਉਧਾਰ ਕਰ ਦਿੰਦਾ ਹੈ - 'ਉਤਮ ਸਲੋਕ ਸਾਧ ਕੇ ਬਚਨ।। ਅਮੁਲੀਕ ਲਾਲ ਏਹਿ ਰਤਨ।। ਸੁਨਤ ਕਮਾਵਤ ਹੋਤ ਉਧਾਰ।। ਆਪਿ ਤਰੈ ਲੋਕਹ ਨਿਸਤਾਰ।।', ਪੰਨਾ ੨੯੫.

ਮਹਾਰਾਜ ਦੇ ਬਚਨ ਹਨ ਕਿ ਸੰਤ, ਮੁਨੀ, ਭਗਤ ਜਨ ਦੇ ਅਤੇ ਚਾਰੇ ਵੇਦਾਂ, ਭਾਵ, ਸਮੂਹ ਧਰਮ ਗ੍ਰੰਥਾਂ ਦੇ ਵੀ ਕਥਨ ਹਨ ਕਿ ਭਗਤ ਜੋ ਵੀ ਮੁਖਾਰਬਿੰਦ ਤੋਂ ਉਚਾਰਣ ਕਰਦੇ ਹਨ, ਉਹ ਬਾਣੀ ਸਰੂਪ, ਸਤਿ ਬਚਨ ਹੁੰਦੇ ਹਨ - 'ਨਾਨਕ ਵੀਚਾਰਹਿ ਸੰਤ ਮੁਨਿ ਜਨਾਂ ਚਾਰਿ ਵੇਦ ਕਹੰਦੇ।। ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ।।', ਪੰਨਾ ੩੧੬. ਇਹੀ ਬਚਨ ਪੰਨਾ ੩੦੬ ਤੇ ਵੀ ਆਏ ਹਨ। ਪੰਚਮ ਪਾਤਸ਼ਾਹ ਦੇ ਬਚਨ ਹਨ ਕਿ ਜੋ ਵੀ ਸੰਤ, ਭਗਤ ਜਨ ਦੇ ਬਚਨ ਦਾ ਫ਼ਿਟਕਾਰਿਆ ਹੁੰਦਾ ਹੈ, ਉਹ ਚੁਰਾਸੀ ਲਖ ਜੂਨਾਂ ਦੇ ਗੇੜ ਵਿਚ ਪਿਆ ਰਹਿੰਦਾ ਹੈ, ਭਗਤ ਦਾ ਬਚਨ ਅਟਲ ਹੁੰਦਾ ਹੈ - 'ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ।।', ਪੰਨਾ ੩੦੬. ਪਾਤਸ਼ਾਹ ਦਾ ਫ਼ੁਰਮਾਣ ਹੈ ਕਿ ਪਹਾੜ, ਧਰਤੀ, ਜਲ ਤੇ ਹਵਾ ਤਾਂ ਨਾਸ ਹੋ ਜਾਣਗੇ ਪਰ ਸਾਧੂ, ਭਗਤ ਦਾ ਬਚਨ ਸਦਾ ਅਟਲ ਰਹਿੰਦਾ ਹੈ - 'ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ।।', ਪੰਨਾ ੧੨੦੪. ਪ੍ਰਭੂ ਹਮੇਸ਼ਾਂ ਆਪਣੇ ਸੇਵਕ, ਸੰਤ, ਸਾਧੂ ਦੇ ਅੰਗ ਸੰਗ ਹੁੰਦਾ ਹੈ, ਜੋ ਕੁਝ ਵੀ ਉਹ ਭਗਤ ਆਪਣੇ ਸੁਆਮੀ ਨੂੰ ਬੋਲਦਾ ਹੈ, ਉਹ ਤਤਕਾਲ ਪੂਰਨ ਹੁੰਦਾ ਹੈ - 'ਸੇਵਕ ਕਉ ਨਿਕਟੀ ਹੋਇ ਦਿਖਾਵੈ।। ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ।।', ਪੰਨਾ ੪੦੩.

-- ਹੇ ਵਾਹਗੁਰੂ ! ਭਗਤਾਂ ਨੂੰ ਤੇਰਾ ਹੀ ਆਸਰਾ ਹੁੰਦਾ ਹੈ, ਕਿਉਂਕਿ ਉਹ ਤੇਰੇ ਨਾਮ ਵਿਚ ਰੰਗੇ ਹੋਏ ਹੁੰਦੇ ਹਨ।

ਪਾਤਸ਼ਾਹ ਦੇ ਬਚਨ ਹਨ ਕਿ ਭਗਤ ਜਨ ਦਾ ਅਧਾਰ, ਪ੍ਰਭੂ ਦਾ ਨਾਮ ਹੁੰਦਾ ਹੈ ਅਤੇ ਉਹ ਪ੍ਰਭੂ ਦੀ ਸ਼ਰਣ ਵਿਚ ਹੀ ਰਹਿੰਦੇ ਹਨ। ਸੰਤ ਜਨਾਂ ਦੇ ਮਨ ਵਿਚ ਪਰਮੇਸ਼ਰ ਦਾ ਹੀ ਆਸਰਾ ਹੁੰਦਾ ਹੈ - 'ਜਨ ਕਾ ਨਾਮੁ ਅਧਾਰੁ ਹੈ ਪ੍ਰਭ ਸਰਣੀ ਪਾਹਿ।। ਪਰਮੇਸਰ ਕਾ ਆਸਰਾ ਸੰਤਨ ਮਨ ਮਾਹਿ।।', ਪੰਨਾ ੮੧੨. ਹਰੀ ਪ੍ਰਭੂ ਆਪਣੇ ਭਗਤਾਂ ਤੇ ਸੰਤਾਂ ਦੀ ਟੇਕ, ਓਟ ਆਸਰਾ ਹੁੰਦਾ ਹੈ - 'ਭਗਤਾ ਕੀ ਟੇਕ ਤੂੰ ਸੰਤਾ ਕੀ ਓਟ ਤੂੰ ਸਚਾ ਸਿਰਜਨਹਾਰਾ।।', ਪੰਨਾ ੭੪੬.

**ਜਿਸ ਨੋ ਹੋਇ ਕ੍ਰਿਪਾਲੁ ਤਿਸ ਕਾ ਦੂਖੁ ਜਾਇ ॥**

**ਭਗਤ ਤੇਰੇ ਦਇਆਲ ਓਨ੍ਹਾ ਮਿਹਰ ਪਾਇ ॥**

-- ਜਿਸ ਤੇ ਹਰੀ ਪ੍ਰਭੂ ਕਿਰਪਾ ਕਰ ਦਿੰਦਾ ਹੈ, ਉਸ ਦਾ ਦੁਖ ਦੂਰ ਹੋ ਜਾਂਦਾ ਹੈ। ਸਭ ਤੋਂ ਵਡਾ ਜਨਮ ਮਰਣ ਦਾ ਦੁਖ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਦੇ ਬਚਨ ਹਨ ਕਿ ਜਿਸ ਤੇ ਦਇਆਲੂ ਪ੍ਰਭੂ ਆਪਣੀ ਦਇਆ ਦੀ ਦ੍ਰਿਸ਼ਟੀ ਪਾਉਂਦਾ ਹੈ, ਉਸ ਦੇ ਸਰੀਰ ਵਿਚੋਂ ਸਾਰੇ ਦੁਖ ਦਰਦ ਚਲੇ ਜਾਂਦੇ ਹਨ - 'ਤੂ ਦਇਆਲੁ ਦਇਆ ਕਰਿ ਦੇਖਹਿ ਦੁਖੁ ਦਰਦੁ ਸਰੀਰਹੁ ਜਾਈ ਹੇ।।', ਪੰਨਾ ੧੦੨੨.

-- ਤੂੰ ਆਪਣੇ ਭਗਤਾਂ ਤੇ ਸਦਾ ਦਇਆ ਕਰਦਾ ਹੈਂ ਅਤੇ ਉਨ੍ਹਾਂ ਤੇ ਆਪਣੀ ਮਿਹਰ ਵਰਸਾਈ ਰਖਦਾ ਹੈਂ।

ਸ੍ਰੀ ਗੁਰੂ ਅਮਰਦਾਸ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਵਾਹਗੁਰੂ ਆਪਣੇ ਭਗਤਾਂ ਤੇ ਸਦਾ ਤੋਂ, ਧੁਰ ਤੋਂ ਹੀ ਮਿਹਰ ਕਰਦਾ ਆਇਆ ਹੈ - 'ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ।।', ਪੰਨਾ ੬੩੭. ਸ੍ਰੀ ਗੁਰੂ ਅਰਜਨ ਸਾਹਿਬ ਦੇ ਬਚਨਾਂ ਅਨੁਸਾਰ ਵਾਹਗੁਰੂ ਸਦਾ ਹੀ ਆਪਣੇ ਭਗਤਾਂ ਦਾ ਸੰਗੀ, ਸਹਾਈ ਹੈ ਅਤੇ ਭਗਤ ਉਸ ਦੇ ਦਰਬਾਰ ਵਿਚ ਸ਼ੋਭਾ ਪਾਉਂਦੇ ਹਨ - 'ਕਹੁ ਨਾਨਕ ਭਗਤਨ ਕਾ ਸੰਗੀ ਭਗਤ ਸੋਹਹਿ ਦਰਬਾਰਾ।।', ਪੰਨਾ ੯੯੯. ਆਪੇ ਹੀ ਭਗਤਾਂ ਦੀ ਪਤ, ਇਜ਼ਤ ਰਖਦਾ ਹੈ ਅਤੇ ਜੋ ਜੋ ਭਗਤ ਜਨ ਆਪਣੇ ਮਨ ਵਿਚ ਵੀ ਚਿਤਵਦੇ ਹਨ, ਉਹ ਵੀ ਉਹ ਤੁਰੰਤ ਮੰਨ ਲੈਂਦਾ ਹੈ। ਇਸ ਲਈ ਉਨ੍ਹਾਂ ਦੀ ਸੰਗਤ ਨਾਲ ਹੋਰ ਕਿਸੇ ਦੁਨਿਆਵੀ ਹਸਤੀ ਦੀ ਤੁਲਨਾ ਨਹੀਂ ਹੋ ਸਕਦੀ - 'ਆਪੇ ਹੀ ਪ੍ਰਭੁ ਰਾਖਤਾ ਭਗਤਨ ਕੀ ਆਨਿ।। ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ।।', ਪੰਨਾ ੮੧੭.

**ਦੂਖੁ ਦਰਦੁ ਵਡ ਰੋਗੁ ਨ ਪੋਹੇ ਤਿਸੁ ਮਾਇ ॥**

**ਭਗਤਾ ਏਹੁ ਅਧਾਰੁ ਗੁਣ ਗੋਵਿੰਦ ਗਾਇ ॥**

-- ਤੇਰੇ ਭਗਤਾਂ ਨੂੰ ਜਗਤ ਦੀ ਮਾਇਆ ਦਾ ਅਤੇ ਹੋਰ ਕੋਈ ਵੀ ਦੁਖ ਦਰਦ, ਵਡਾ ਰੋਗ ਆਦਿ ਪੋਹ ਨਹੀਂ ਸਕਦੇ, ਅਸਰ ਨਹੀਂ ਪਾ ਸਕਦੇ, ਪ੍ਰਵੇਸ਼ ਨਹੀਂ ਕਰ ਸਕਦੇ।

ਸ੍ਰੀ ਗੁਰੂ ਨਾਨਕ ਸਾਹਿਬ ਦੇ ਬਚਨ ਹਨ ਕਿ ਮਾਲਕ ਪ੍ਰਭੂ ਦੀ ਟੇਕ ਰਖਣ ਨਾਲ ਜਗਤ ਮੋਹਣੀ ਮਾਇਆ ਦਾ ਪ੍ਰਭਾਉ ਨਹੀਂ ਪੈਂਦਾ - 'ਰਹਉ ਸਾਹਿਬ ਕੀ ਟੇਕ ਨ ਮੋਹੈ ਮੋਹਣੀ।।', ਪੰਨਾ ੭੪੨. ਪੰਚਮ ਪਾਤਸ਼ਾਹ ਦੇ ਬਚਨ ਹਨ ਕਿ ਜਿਸ ਵਲ ਨਿਰੰਕਾਰ ਆਪ ਹੋ ਜਾਏ ਉਸ ਨੂੰ ਕਿਹੜਾ ਕੋਈ, ਦੁਖ ਦਰਦ, ਦੋਖੀ

ਦਬਾ ਸਕਦਾ ਹੈ, ਭਾਵ ਕੋਈ ਨਹੀਂ ਦਬ ਸਕਦਾ - 'ਤਿਸ ਨੋ ਪੋਹੇ ਕਵਣੁ ਜਿਸੁ ਵਲਿ ਨਿਰੰਕਾਰ।।', ਪੰਨਾ ੫੨੨.

-- ਕਿਉਂਕਿ ਭਗਤ ਸਦਾ ਉਸ ਗੋਵਿੰਦ ਪ੍ਰਭੂ ਦਾ ਗੁਣਗਾਨ, ਸਿਮਰਨ ਕਰਦੇ ਰਹਿੰਦੇ ਹਨ ਅਤੇ ਇਸੇ ਦਾ ਹੀ ਉਨ੍ਹਾਂ ਨੂੰ ਅਧਾਰ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਦੇ ਬਚਨ ਹਨ ਕਿ ਭਗਤਾਂ ਨੂੰ ਹਰੀ ਪ੍ਰਭੂ ਦੀ ਸਿਫ਼ਤ ਸਲਾਹ ਕਰਨ ਦੀ ਭੁਖ ਲਗੀ ਰਹਿੰਦੀ ਹੈ ਅਤੇ ਸਚੇ ਪ੍ਰਭੂ ਦੇ ਨਾਮ ਦਾ ਹੀ ਉਨ੍ਹਾਂ ਨੂੰ ਅਧਾਰ ਰਹਿੰਦਾ ਹੈ - 'ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ।।', ਪੰਨਾ ੪੬੬. ਉਨ੍ਹਾਂ ਦੀ ਤਾਂ ਰਾਸ ਪੂੰਜੀ ਹੀ ਪ੍ਰਭੂ ਦਾ ਨਾਮ ਹੀ ਹੁੰਦੀ ਹੈ ਤੇ ਇਸ ਨੂੰ ਉਹ ਪ੍ਰਭੂ ਤੋਂ ਪੁਛ ਕੇ ਹੀ ਖਰਚਦੇ ਹਨ - 'ਹਰਿ ਭਗਤਾ ਹਰਿ ਧਨੁ ਰਾਸਿ ਹੈ ਗੁਰ ਪੂਛਿ ਕਰਹਿ ਵਾਪਾਰੁ।।', ਪੰਨਾ ੨੮.

**ਸਦਾ ਸਦਾ ਦਿਨੁ ਰੈਣਿ ਇਕੋ ਇਕੁ ਧਿਆਇ ॥**

**ਪੀਵਤਿ ਅੰਮ੍ਰਿਤ ਨਾਮੁ ਜਨ ਨਾਮੇ ਰਹੇ ਅਘਾਇ ॥੧੪॥**

-- ਸਦਾ ਹੀ, ਦਿਨੇ ਅਤੇ ਰਾਤ ਨੂੰ ਵੀ, ਉਹ ਇਕੋ ਪ੍ਰਭੂ ਦੀ ਅਰਾਧਨਾ ਕਰਦੇ ਰਹਿੰਦੇ ਹਨ, ਉਸ ਦਾ ਸਿਮਰਨ ਕਰਦੇ ਹਨ।

ਸੰਤ ਜਨ ਦਿਨ ਰਾਤ ਪ੍ਰਭੂ ਦੇ ਪ੍ਰੇਮ ਰੂਪੀ ਨਾਮ ਰੰਗ ਵਿਚ ਰਹਿੰਦੇ ਹਨ ਅਤੇ ਪ੍ਰਭੂ ਨੂੰ ਸਦਾ ਅੰਗ ਸੰਗ ਜਾਣਦੇ ਹਨ। ਸਭ ਵਿਚ ਰਹਿੰਦੇ ਹੋਏ ਵੀ ਸਭ ਤੋਂ ਵਖ ਹੁੰਦੇ ਹਨ ਅਤੇ ਹਰ ਵਕਤ ਪਾਰਬ੍ਰਹਮ ਦਾ ਹੀ ਧਿਆਨ ਧਰੀ ਰਖਦੇ ਹਨ। ਅਜਿਹੀ ਹੈ ਸੰਤ ਜਨਾਂ ਦੀ ਮਹਿਮਾ ਕੌਣ ਬਖਾਨ ਕਰ ਸਕਦਾ ਹੈ ! ਉਹ ਤਾਂ ਅਥਾਹ, ਸਮਝ ਤੋਂ ਪਰ੍ਹਾਂ, ਸਭ ਅੰਦਾਜ਼ਿਆਂ ਤੋਂ ਉਪਰ ਹੁੰਦੇ ਹਨ - 'ਰੈਣਿ ਦਿਨਸੁ ਰਹੈ ਇਕ ਰੰਗਾ।। ਪ੍ਰਭ ਕਉ ਜਾਣੈ ਸਦ ਹੀ ਸੰਗਾ।।..ਦੀਸਹਿ ਸਭ ਮਹਿ ਸਭ ਤੇ ਰਹਤੇ।। ਪਾਰਬ੍ਰਹਮ ਕਾ ਓਇ ਧਿਆਨੁ ਧਰਤੇ।। ਸੰਤਨ ਕੀ ਮਹਿਮਾ ਕਵਨ ਵਖਾਨਉ।। ਅਗਾਧਿ ਬੋਧਿ ਕਿਛੁ ਮਿਤਿ ਨਹੀ ਜਾਨਉ।।', ਪੰਨਾ ੧੮੧.

-- ਇਹੀ ਅੰਮ੍ਰਿਤ ਰੂਪੀ ਨਾਮ ਪੀ ਕੇ, ਭਗਤ ਜਨ ਰਜੇ ਰਹਿੰਦੇ ਹਨ, ਤ੍ਰਿਪਤ ਰਹਿੰਦੇ ਹਨ।੧੪।

ਭਗਤ ਜਨ, ਸਿਰਫ਼ ਪ੍ਰਭੂ ਦੇ ਨਾਮ ਨੂੰ ਹੀ ਵਰਤਣ ਯੋਗ ਜਾਣਦੇ ਹਨ, ਜਿਸ ਸਦਕਾ ਉਹ ਹਰੀ ਪ੍ਰਭੂ ਦੇ ਦਰਸ਼ਨ ਕਰ ਕੇ ਰਜੇ ਰਹਿੰਦੇ ਹਨ - 'ਠਾਕੁਰ ਨਾਮੁ ਕੀਓ ਉਨਿ ਵਰਤਨਿ।। ਤ੍ਰਿਪਤਿ ਅਘਾਵਨੁ ਹਰਿ ਕੈ ਦਰਸਨਿ।।', ਪੰਨਾ ੧੮੧. ਵਾਹਿਗੁਰੂ ਦਾ ਨਾਮ ਹੀ, ਭਗਤਾਂ ਲਈ ਸੁਖਾਂ ਦਾ ਆਸਣ ਹੈ। ਜਿਹੜਾ ਨਾਮ ਵਿਚ ਰੰਗਿਆ ਹੋਇਆ ਹੈ, ਉਹੀ ਭਗਤ ਪ੍ਰਭੂ ਨੂੰ ਪਰਵਾਨ ਹੈ - 'ਨਾਮੁ ਭਗਤ ਕੈ ਸੁਖ ਅਸਥਾਨੁ।। ਨਾਮ ਰਤੁ ਸੋ ਭਗਤ ਪਰਵਾਨੁ।।', ਪੰਨਾ ੧੮੯.

ਇਨ੍ਹਾਂ ਸਾਰੇ ਕਾਰਨਾਂ ਕਰ ਕੇ ਮਨੁਖ ਨੂੰ ਸਦਾ ਭਗਤਾਂ ਦੀ ਸੰਗਤਿ ਕਰਦੇ ਰਹਿਣਾ ਤੇ ਉਨ੍ਹਾਂ ਦੇ ਆਖੇ ਲਗਣਾ ਜ਼ਰੂਰੀ ਹੈ। ਭਗਤਾਂ ਬਾਰੇ ਪੰਚਮ ਪਾਤਸ਼ਾਹ ਦੇ ਬਚਨ ਹਨ, ਉਨ੍ਹਾਂ ਦੇ ਚਰਨਾਂ ਦੀ ਧੂੜੀ ਨਾਲ ਵਿਕਾਰੀ, ਪਾਪੀ ਮਨੁਖ ਵੀ ਪਵਿਤਰ, ਪੁਨੀਤ ਹੋ ਜਾਂਦਾ ਹੈ। ਜਿਨ੍ਹਾਂ ਨੇ ਵਿਧਾਤਾ ਪ੍ਰਭੂ ਪਾ ਲਿਆ ਹੈ, ਉਨ੍ਹਾਂ ਦੇ ਸੰਗ ਰਹਿਣ ਨਾਲ ਪਤਿਤ ਮਨੁਖ ਵੀ ਅਤਿਅੰਤ ਪਵਿਤਰ, ਪੁਨੀਤ ਹੋ ਜਾਂਦਾ ਹੈ। ਇਸ ਲਈ ਕਿਸੇ ਵੀ ਸੰਸਾਰਕ ਹਸਤੀ ਨਾਲ ਭਗਤ ਦੀ ਤੁਲਨਾ ਨਹੀਂ ਹੋ ਸਕਦੀ - 'ਧੂਰਿ ਭਗਤਨ ਕੀ ਮਨਿ ਤਨਿ ਲਗਉ ਹਰਿ ਜੀਉ ਸਭ ਪਤਿਤ ਪੁਨੀਤਾ ਰਾਮ।। ਪਤਿਤਾ ਪੁਨੀਤਾ ਹੋਹਿ ਤਿਨ੍ ਸੰਗਿ ਜਿਨ੍ ਬਿਧਾਤਾ ਪਾਇਆ।।', ਪੰਨਾ ੫੪੩. ਭਗਤਾਂ ਦੀ ਟਹਲ, ਸੇਵਾ ਕਰਦਿਆਂ ਤੇ ਪ੍ਰਭੂ ਦੇ ਗੁਣ ਗਾਉਂਦਿਆ, ਭਾਵ, ਸਿਮਰਨ ਕਰਦਿਆਂ, ਮਨੁਖ ਦੇ ਜਨਮ ਮਰਨ ਦੇ ਬੰਧਨ, ਪ੍ਰਭੂ ਕਟ ਦਿੰਦਾ ਹੈ - 'ਭਗਤਨ ਕੀ ਟਹਲ ਕਮਾਵਤ ਗਾਵਤ ਦੁਖ ਕਾਟੇ ਤਾ ਕੇ ਜਨਮ ਮਰਨ।।', ਪੰਨਾ ੧੨੦੬. ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ਹੁਕਮ ਹੈ, ਹਰੀ ਪ੍ਰਭੂ ਦੀ ਕਿਰਪਾ ਨਾਲ ਹੀ ਭਗਤ ਬਣਦਾ ਹੈ, ਕੇਵਲ ਅਜਿਹੇ ਹੀ ਭਗਤ ਜਨਾਂ ਦੇ ਮੁਖਾਰਬਿੰਦ ਦੇ ਦਰਸ਼ਨ ਕਰਨ ਨਾਲ ਹੀ ਸਭ ਜਗਤ ਦਾ ਉਧਾਰ ਸੰਭਵ ਹੈ, ਵਰਨਾ ਨਹੀਂ - '**ਹਰਿ ਕਿਰਪਾ ਤੇ ਹੋਆ ਹਰਿ ਭਗਤੁ ਹਰਿ ਭਗਤ ਜਨਾ ਕੈ ਮੁਹਿ ਡਿਠੈ ਜਗਤੁ ਤਰਿਆ ਸਭੁ ਲੋੜੀਐ।।**', ਪੰਨਾ ੫੫੦, 'ਲੋੜੀਐ' ਦਾ ਭਾਵ ਹੈ Mandatory. ਇਹੀ ਬਚਨ ਭਗਤ ਕਬੀਰ ਜੀ ਨੇ, ਭਗਤ ਨਾਮਦੇਵ ਜੀ ਪ੍ਰਥਾਇ ਕੀਤੇ ਹਨ ਕਿ ਅਜਿਹਾ ਕਿਵੇਂ ਹੋ ਸਕਦਾ ਹੈ ਕਿ ਭਗਤ ਜਨਾਂ ਤੋਂ ਬਿਨਾਂ ਭਗਵੰਤ ਪ੍ਰਭੂ ਮਿਲ ਪਏ, ਭਾਵ, ਇਹ ਸੰਭਵ ਹੀ ਨਹੀਂ - 'ਕਹਿ ਨਾਮਾ ਕਿਉ ਪਾਈਐ ਬਿਨੁ ਭਗਤਹੁ ਭਗਵੰਤੁ।।', ਪੰਨਾ ੧੩੭੭.

